# ਸਾਹਿਤ ਮੰਚ ਪ੍ਰੋਗਰਾਮ ਵਿਚ 4 ਕਵੀਆਂ ਨੇ ਕੀਤਾ ਕਵਿਤਾ-ਪਾਠ



ਸਾਹਿਤ ਮੰਚ ਪ੍ਰੋਗਰਾਮ ਦੌਰਾਨ ਕਵੀ ਕਵਿਤਾ-ਪਾਠ ਕਰਦੇ ਹੋਏ।

ਨਵੀਂ ਦਿੱਲੀ, 4 ਜੁਲਾਈ (ਮਿਸਰਦੀਪ ਭਾਟੀਆ)-ਸਾਹਿਤ ਅਕਾਦਮੀ ਦੁਆਰਾ ਆਯੋਜਿਤ ਸਾਹਿਤ ਮੰਚ ਦੇ ਪ੍ਰੋਗਰਾਮ ਵਿਚ ਗੀਤਾ ਪੰਡਿਤ, ਕਲੋਲ ਚੱਕਰਵਰਤੀ, ਸੰਤੋਸ਼ ਪਟੇਲ ਤੇ ਸਵਾਤੀ ਸ਼ਰਮਾ ਨੇ ਕਵਿਤਾ-ਪਾਠ ਕੀਤਾ। ਸਭ ਤੋਂ ਪਹਿਲਾਂ ਸਵਾਤੀ ਸ਼ਰਮਾ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ, ਜਿਨ੍ਹਾਂ ਵਿਚ ਅਕਸ਼ਤ, ਰਿਮਾਂਈਡਰ, ਰੋਟੀ ਅਤੇ ਕਵਿਤਾ ਆਦਿ ਕਵਿਤਾਵਾਂ ਮਹੱਤਵਪੂਰਨ ਸਨ। ਸ਼ਹਿਰ ਦੇ ਬਿੰਬਾਂ ਨੂੰ ਪੇਸ਼ ਕਰਦੀਆਂ ਇਨ੍ਹਾਂ ਕਵਿਤਾਵਾਂ ਵਿਚ ਔਰਤ ਹੋਣ ਦੀ ਤ੍ਰਾਸਦੀ ਸੀ ਅਤੇ ਸ਼ਹਿਰਾਂ ਵਿਚ ਮਾਂ ਜਾਂ ਹੋਰ ਰਿਸ਼ਤਿਆਂ ਦੇ ਬਣਦੇ ਵਿਗੜਦੇ ਚਿੱਤਰ ਵੀ ਸਨ। ਸੰਤੋਸ਼ ਪਟੇਲ ਨੇ ਬਿਹਾਰ ਦੇ ਪਦਮਸ੍ਰੀ ਪ੍ਰਾਪਤ ਡਾਂਸਰ ਰਾਮ ਚੰਦਰ ਮਾਝੀ 'ਤੇ ਆਪਣੀ ਕਵਿਤਾ ਦੀ ਸ਼ੁਰੂਆਤ ਕਰ ਕੇ ਹੋਰ ਕਵਿਤਾਵਾਂ ਪੇਸ਼ ਕੀਤੀਆਂ। ਪ੍ਰੇਮ ਕਰਨਾ ਇਤਨਾ ਆਸਾਨ ਨਹੀ, ਐਲਾਨ, ਬੁੱਧ ਉਨ ਕੇ ਲੀਏ ਆਦਿ। ਆਪਣੇ ਕਵਿਤਾ-ਪਾਠ ਦਾ ਅੰਤ ਉਨ੍ਹਾਂ ਨੇ ਇਕ ਸੁੰਦਰ ਗੀਤ ਦੀਆਂ ਕੁਝ ਲਾਈਨਾਂ ਪੇਸ਼ ਕਰ ਕੇ ਕੀਤਾ। ਕਲੋਲ ਚੱਕਰਵਰਤੀ ਨੇ ਆਪਣੀਆਂ ਕਵਿਤਾਵਾਂ ਵਿਚ ਲੜਕੀਆਂ ਦੀ ਸਥਿਤੀ ਅਤੇ ਮਹਾਨੰਦਾ ਐਕਸਪ੍ਰੈਸ ਦੇ ਬਹਾਨੇ ਬਿਹਾਰ ਤੋਂ ਆਉਣ-ਜਾਣ ਵਾਲੇ ਮਜ਼ਦੂਰਾਂ 'ਤੇ ਆਪਣੀ ਚਰਚਿਤ ਕਵਿਤਾ ਪੇਸ਼ ਕੀਤੀ। ਉਸਦੀਆਂ ਹੋਰ ਕਵਿਤਾਵਾਂ ਦੇ ਸਿਰਲੇਖ ਸਨ ਕੁੰਡਲੀ, ਜੋ ਬੋਲ ਸਕਤੇ ਥੇ, ਅਤੇ ਗਣਿਤ ਕੀ ਕਲਾਮ ਸੇ। ਅੰਤ ਗੀਤਾ ਪੰਡਤ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਪ੍ਰੋਗਰਾਮ ਵਿਚ ਮਦਨ ਕਸ਼ਯਪ, ਰਾਕੇਸ਼ ਰੇਣੂ, ਰਾਜ ਕੁਮਾਰ ਗੌਤਮ, ਹਰੀਸੁਮਨ ਬਿਸ਼ਟ ਅਤੇ ਮ੍ਰਿਦੁਲਾ ਪ੍ਰਧਾਨ ਆਦਿ ਸਨ।